# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times    16 ਅਪ੍ਰੈਲ 2026 ਦਿਨ ਵੀਰਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਟਾਪਰ ਵਿਦਿਆਰਥਣ ਤਮੰਨਾ ਪ੍ਰਜਾਪਤੀ ਦਾ ਵਿਸ਼ੇਸ਼ ਸਨਮਾਨ ਭਲਕੇ : ਪਵਨ ਪ੍ਰਜਾਪਤੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 16 ਅਪ੍ਰੈਲ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੀਤੇ ਦਿਨੀਂ ਐਲਾਨੇ ਗਏ ਅੱਠਵੀਂ ਜਮਾਤ ਦੇਨਤੀਜਿਆਂ ਵਿੱਚੋਂ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਜੈਤੋ ਦੀ ਹੋਣਹਾਰ ਵਿਦਿਆਰਥਣ ਤਮੰਨਾ ਪ੍ਰਜਾਪਤੀ ਸਪੁੱਤਰੀ ਨਰਿੰਦਰ ਕੁਮਾਰ ਪ੍ਰਜਾਪਤੀ ਨੇ ਸੂਬੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਪ੍ਰਜਾਪਤ ਸਮਾਜ ਸਮੇਤ ਮਾਪਿਆਂ ਅਤੇ ਸਕੂਲ ਦਾ ਨਾਮ ਪੂਰੀ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਜਾਪਤ ਕੁੰਮਹਾਰ ਮਹਾਂਸੰਘ ਰਜਿ: ਪੰਜਾਬ ਦੇ ਸੂਬਾਈ ਪ੍ਰਧਾਨ ਕਰਮ ਚੰਦ ਪੱਪੀ, ਸੂਬਾ ਚੀਫ ਜਰਨਲ ਸੈਕਟਰੀ ਪਵਨ ਪ੍ਰਜਾਪਤੀ ਅਤੇ ਜਥੇਬੰਦਕ ਸਕੱਤਰ ਬਾਬੂ ਰਾਮ ਜੈਤੋ ਨੇ ਦੱਸਿਆ ਕਿ ਬੇਟੀ ਤਮੰਨਾ ਦੇ ਅੱਠਵੀਂ ਜਮਾਤ ’ਚੋਂ ਪੰਜਾਬ ਭਰ ਵਿੱਚੋ ਪਹਿਲਾ ਸਥਾਨ ਹਾਸਲ ਕਰਨ ਦੀ ਖੁਸ਼ੀ ਵਿੱਚ ਇਕ ਵੱਡਾ ਵਿਸ਼ੇਸ਼ ਸਮਾਗਮ 18 ਅਪ੍ਰੇਲ 2026 ਦਿਨ ਸ਼ਨੀਵਾਰ ਨੂੰ ਸਵੇਰੇ 10:00 ਵਜੇ ਜੈਤੋ ਵਿਖੇ ਰੱਖਿਆ ਗਿਆ ਹੈ, ਜਿਸ ਵਿੱਚ ਬੇਟੀ ਤਮੰਨਾ ਦਾ ਸਨਮਾਨ ਕੀਤਾ ਜਾਵੇਗਾ। ਉਹਨਾਂ ਆਖਿਆ ਕਿ ਇਸ ਸਮਾਗਮ ਦੌਰਾਨ ਪ੍ਰਜਾਪਤ ਸਮਾਜ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਸਮਾਜਸੇਵੀਆਂ ਟਿੰਕੂ ਕੁਮਾਰ ਕੋਟਕਪੂਰਾ ਅਤੇ ਰਘਬੀਰ ਸਿੰਘ ਸਾਦਿਕ ਦਾ ਵੀ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਹਨਾਂ ਉਕਤ ਸਮਾਗਮ ਵਿੱਚ ਪ੍ਰਜਾਪਤ ਸਮਾਜ ਪੰਜਾਬ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵੱਡੀ ਗਿਣਤੀ ਵਿੱਚ ਪੁੱਜਣ ਦੀ ਬੇਨਤੀ ਕੀਤੀ ਹੈ। ਇਸ ਮੌਕੇ ਸਮਾਗਮ ਦੌਰਾਨ ਸੂਬਾ ਪ੍ਰਧਾਨ ਕਰਮ ਚੰਦ ਪੱਪੀ ਅਤੇ ਸੂਬਾ ਚੀਫ ਜਰਨਲ ਸੈਕਟਰੀ ਪਵਨ ਪ੍ਰਜਾਪਤੀ ਅਤੇ ਓਮ ਪ੍ਰਕਾਸ਼ ਚੇਅਰਮੈਨ ਮਲੋਟ, ਗੁਰਮੀਤ ਸਿੰਘ ਕਿੱਕਰਖੇੜਾ ਪ੍ਰਧਾਨ ਪ੍ਰਜਾਪਤ ਯੂਥ ਵਿੰਗ ਪੰਜਾਬ, ਨਰਾਇਣ ਦਾਸ ਕਾਲੀ ਫ਼ਰੀਦਕੋਟ, ਚਰਨ ਦਾਸ ਚੰਨਾ ਵਾਈਸ ਚੇਅਰਮੈਨ ਪੰਜਾਬ ਆਦਿ ਵੱਡੀ ਗਿਣਤੀ ਵਿੱਚ ਆਗੂ ਪਹੁੰਚ ਰਹੇ ਹਨ। ਇਸ ਮੌਕੇ ਹੋਰਨਾ ਤੋਂ ਇਲਾਵਾ ਅਮਰਜੀਤ ਕੁਮਾਰ ਪ੍ਰਧਾਨ, ਰਾਮ ਗੋਪਾਲ ਸੈਕਟਰੀ, ਬਾਬੂ ਲਾਲ ਖਜਾਨਚੀ, ਰਮੇਸ਼ ਕੁਮਾਰ ਵਾਈਸ ਪ੍ਰਧਾਨ, ਕ੍ਰਿਸ਼ਨ ਕੁਮਾਰ ਟੀਟੂ ਵਾਈਸ ਪ੍ਰਧਾਨ, ਹੰਸ ਰਾਜ, ਨਾਨਕ ਚੰਦ, ਬ੍ਰਿਜ ਲਾਲ, ਚੌਂਧਰੀ ਛੱਜੂ ਰਾਮ ਆਦਿ ਵੀ ਹਾਜ਼ਰ ਸਨ।

## == ——-ਕੁੱਲੀ——-==

ਵਰਲਡ ਪੰਜਾਬੀ ਟਾਈਮਜ਼ ਗੁਰਦੀਪ ਦਾਨੀ

1.ਕੁੱਲੀ ਰਾਹ ਵਿੱਚ ਪਾਈ ਅਸਾਂ
ਤੇਰੇ,
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਮਹਿਲਾਂ ਵਾਲਿਆਂ ਦੇ ਯਾਰ ਤਾਂ
ਬਥੇਰੇ,
ਵੇ ਆਉਂਦਾ ਜਾਂਦਾ ਤੱਕਦਾ ਰਹੀਂ।

ਸਾਡੀ ਕੁੱਲੀ ਵਿੱਚ ਭਾਵੇਂ ਲੂਣ
ਅਤੇ ਤੇਲ ਨਾ।
ਉੱਚੇ-ਉੱਚੇ ਮਹਿਲਾਂ ਨਾਲ ਭਾਵੇਂ
ਸਾਡਾ ਮੇਲ ਨਾ।
ਬੰਨ ਸਬਰਾਂ ਦੇ ਸਾਡੇ ਨੇ ਪਕੇਰੇ-
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।
ਸਾਡੀ ਕੁੱਲੀ ਕਰੇ ਨਾ ਵੇ ਗੱਲ
ਤੇਰ-ਮੇਰ ਦੀ।
ਸਾਡੀ ਕੁੱਲੀ ਕਿਸੇ ਨੂੰ ਨਾ ਰਾਹਾਂ ਵਿੱਚ
ਘੇਰਦੀ।
ਹੁੰਦੇ ਸਾਡੇ ਨੇ ਪਹਾੜ ਜਿੱਡੇ ਜੇਰੇ-
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।
ਅਸੀਂ ਨਾ ਵੇ ਪੈਲ਼ੀ ਪਿੱਛੇ ਸਕਾ
ਭਾਈ ਵੱਢੀਏ।
ਨਾ ਬੁੱਢੇ ਬਾਪੂ ਨੂੰ ਵੇ ਅਸੀਂ ਘਰੋਂ
ਕੱਢੀਏ।
ਸਾਡੇ ਮਾਵਾਂ ਵਾਂਗੂੰ ਸਬਰ ਬਥੇਰੇ –
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।
ਸਾਡੀ ਕੁੱਲੀ ਧਰਮਾਂ ਦੇ ਨਾਂ ਉੱਤੇ
ਵੰਡੇ ਨਾ।
ਸਾਡੀ ਕੁੱਲੀ ਰਾਹਾਂ ‘ਚ ਖਿੰਡਾਉਂਦੀ
ਕਦੇ ਕੰਡੇ ਨਾ।
ਸਾਡੇ ਹੁੰਦੇ ਸਦਾ ਡਾਂਗ ਉੱਤੇ ਡੇਰੇ-
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।
ਸਾਡੀ ਕੁੱਲੀ ਵਿੱਚ ਗੱਲ ਚੱਲੇ
ਹੱਕ-ਸੱਚ ਦੀ।
ਸਾਡੀ ਕੁੱਲੀ ਕਿਸੇ ਦੀ ਤਰੱਕੀ ‘ਤੇ ਨਾ
ਮੱਚਦੀ।
ਹੁੰਦੇ ਕੁੱਲੀ ਵਿੱਚ ਸੁੱਖਾਂ ਦੇ ਸਵੇਰੇ-
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।
ਸਾਡੀ ਕੁੱਲੀ ਕੁੱਖਾਂ ਵਿੱਚ ਧੀਆਂ
ਕਦੇ ਮਾਰੇ ਨਾ।
ਸਾਡੀ ਕੁੱਲੀ ਰੰਗਾਂ ਵਾਲੇ ਪਾਉਂਦੀ
ਕਦੇ ਪਾੜੇ ਨਾ।
ਸਾਨੂੰ ਕੁੱਲੀਆਂ ਦੇ ਚੰਗੇ ਨੇ ਹਨੇਰੇ-
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।
ਸਾਡੀ ਕੁੱਲੀ ਵਿੱਚ ‘ਦਾਨੀ’ ਸੁੱਖ
ਤੇ ਸਕੂਨ ਹੈ।
ਸਾਡੀ ਕੁੱਲੀ ਵਿੱਚ ਬਸ ਜੀਣ ਦਾ
ਜਨੂੰਨ ਹੈ।
ਸਾਡੇ ‘ਫੂਲੇ ਮਿੱਠੀ’ ਪਿੰਡ ਵਿੱਚ ਡੇਰੇ-
ਵੇ ਆਉਂਦਾ ਜਾਂਦਾ ਤੱਕਦਾ ਰਹੀਂ।
ਕੁੱਲੀ ਰਾਹ ਵਿੱਚ ਪਾਈ ਅਸਾਂ ਤੇਰੇ,
ਵੇ ਆਉਂਦਾ ਜਾਂਦਾ ਤੱਕਦਾ
ਰਹੀਂ.......।

## ਡੀ.ਬੀ.ਈ.ਈ. ਵੱਲੋਂ ਪਲੇਸਮੈਂਟ ਕੈਂਪ ਦਾ ਆਯੋਜਨ 17 ਅਪ੍ਰੈਲ ਨੂੰ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 16 ਅਪ੍ਰੈਲ : ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਦੇ ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ ਜਿਸਦੇ ਤਹਿਤ ਡੀ.ਬੀ.ਈ.ਈ. ਦੇ ਸਥਾਨਕ ਦਫ਼ਤਰ, ਸੰਗੀਤ ਸਿਨੇਮਾ ਰੋਡ, ਪ੍ਰਤਾਪ ਚੌਂਕ, ਲੁਧਿਆਣਾ ਵਿਖੇ 17 ਅਪ੍ਰੈਲ (ਸ਼ੁਕਰਵਾਰ) ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਕੈਂਪ ਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਨਿਰਧਾਰਿਤ ਕੀਤਾ ਗਿਆ ਹੈ ਜਿੱਥੇ ਵੱਖ-ਵੱਖ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ।

ਡਿਪਟੀ ਡਾਇਰੈਕਟਰ ਰੋਜਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਲੁਧਿਆਣਾ ਨੇ ਦੱਸਿਆ ਗਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਹਰ ਟਰੇਡ ਦੇ ਆਈ.ਟੀ.ਆਈ. ਪਾਸ ਵਿਦਿਆਰਥੀ ਭਾਗ ਲੈ ਸਕਦੇ ਹਨ। ਵਿਦਿਆਰਥੀ ਲਈ ਆਪਣੀ ਅਕਾਦਮਿਕ ਯੋਗਤਾਵਾਂ ਦੇ ਸਰਟੀਫਿਕੇਟਾਂ ਸਮੇਤ ਰੇਜਿਉਮ ਦੀਆਂ 2 ਨਕਲਾਂ ਲੈ ਕੇ ਆਉਣੀਆਂ ਲਾਜਮੀ ਹਨ।

ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਨੇ ਚਾਹਵਾਨ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਵਧੇਰੇ ਜਾਣਕਾਰੀ ਲਈ dbeeludhiana@gmail.com ‘ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਹਾਂ ਜੀ, ਗੁਰਮਤਿ ਦਾ ਮੁੱਖ ਅੰਗ ਹੀ ਸ਼ਬਦ ਕੀਰਤਨ ਹੈ। ਸਿੱਖੀ ਦਾ ਸਾਰਾ ਨਿਚੋੜ ਹੀ "ਸ਼ਬਦ ਗੁਰੂ" ਅਤੇ "ਕੀਰਤਨ" ਵਿੱਚ ਹੈ।

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਸ਼ਬਦ ਕੀ ਹੈ?
ਗੁਰਮਤਿ ਵਿੱਚ "ਸ਼ਬਦ" ਦਾ ਅਰਥ ਹੈ — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ। ਇਹ ਕੋਈ ਆਮ ਲਫ਼ਜ਼ ਨਹੀਂ, ਇਹ ਧੁਰ ਕੀ ਬਾਣੀ ਹੈ, ਵਾਹਿਗੁਰੂ ਦਾ ਆਪਣਾ ਹੁਕਮ ਹੈ।
ਗੁਰਬਾਣੀ ਫੁਰਮਾਨ:
"ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" ਅੰਗ 943
ਭਾਵ: ਸ਼ਬਦ ਹੀ ਗੁਰੂ ਹੈ, ਤੇ ਸਾਡੀ ਸੁਰਤਿ ਉਸ ਦੀ ਚੇਲੀ ਹੈ। ਸਿੱਖ ਦਾ ਗੁਰੂ ਦੇਹਧਾਰੀ ਨਹੀਂ, ਸ਼ਬਦ ਹੈ।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥" ਅੰਗ 982

ਕੀਰਤਨ ਕੀ ਹੈ?
"ਕੀਰਤਨ" ਦਾ ਅਰਥ ਹੈ — ਰੱਬ ਦੇ ਗੁਣ ਗਾਉਣੇ, ਸ਼ਬਦ ਨੂੰ ਰਾਗ ਵਿੱਚ ਗਾ ਕੇ ਪੜ੍ਹਨਾ। "ਕੀਰਤ" ਭਾਵ ਵਡਿਆਈ + "ਤਨ" ਭਾਵ ਵਿਸਥਾਰ। ਵਾਹਿਗੁਰੂ ਦੀ ਵਡਿਆਈ ਕਰਨਾ।
"ਕਲਜੁਗ ਮਹਿ ਕੀਰਤਨੁ ਪਰਧਾਨਾ॥" ਅੰਗ 1075
ਕਲਯੁਗ ਵਿੱਚ ਰੱਬ ਨੂੰ ਮਿਲਣ ਦਾ ਸਭ ਤੋਂ ਵੱਡਾ ਸਾਧਨ ਕੀਰਤਨ ਹੈ।

ਗੁਰਮਤਿ ਅਨੁਸਾਰ ਸ਼ਬਦ ਕੀਰਤਨ ਦੀ ਮਹੱਤਤਾ
ੳ) ਮਨ ਦੀ ਦਵਾਈ ਹੈ:
ਤੁਸੀਂ ਦੱਸਿਆ ਸੀ ਕਿ ਗੱਲਾ ਬੰਦ ਹੈ, ਗੋਡਾ ਦੁਖਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:
"ਦੂਖ ਰੋਗ ਸੰਤਾਪ ਉਤਾਰੇ ਸੁਣਿ ਸਚੀ ਬਾਣੀ॥" ਅੰਗ 922
ਸੱਚੀ ਬਾਣੀ ਸੁਣਨ ਨਾਲ ਦੁੱਖ-ਰੋਗ ਉੱਤਰ ਜਾਂਦੇ ਹਨ। ਇਹੀ ਤਾਂ ਸ. ਸੋਹਨ ਸਿੰਘ ਸਾਰੰਗ ਜੀ ਦੀ ਸਿੱਖਿਆ ਸੀ।
ਖ) ਹਉਮੈਨਾਸਕਰਦਾਹੈ:
"ਕੀਰਤਨੁਨਿਰਮੋਲਕਹੀਰਾ॥ਆਨਦਗੁਣੀਗਹੀਰਾ॥"ਅੰਗ893
ਕੀਰਤਨ ਹੀਰੇ ਵਾਂਗ ਕੀਮਤੀ ਹੈ। ਇਸ ਨਾਲ ਮਨ ਨੂੰ ਆਨੰਦ ਮਿਲਦਾ ਹੈ ਤੇ ਹਉਮੈ ਮਰਦੀ ਹੈ।

ਗ) ਜੀਵਨ ਦਾ ਮਕਸਦ ਪੂਰਾ ਕਰਦਾ ਹੈ:
ਤੁਸੀਂ ਕਿਹਾ ਸੀ "ਜਿਸ ਨੂੰ ਮਕਸਦ ਮਿਲ ਜਾਵੇ ਉਹ ਔਕੜ ਝੱਲ ਸਕਦਾ ਹੈ"। ਗੁਰਮਤਿ ਕਹਿੰਦੀ ਹੈ ਕਿ ਮਨੁੱਖਾ ਜਨਮ ਦਾ ਮਕਸਦ ਹੀ ਕੀਰਤਨ ਰਾਹੀਂ ਵਾਹਿਗੁਰੂ ਨਾਲ ਜੁੜਨਾ ਹੈ।
"ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" ਅੰਗ 12

ਗੁਰਮਤਿ ਵਾਲਾ ਸ਼ਬਦ ਕੀਰਤਨ ਕਿਵੇਂ ਹੋਵੇ?
ਸ਼ੁੱਧ ਉਚਾਰਨ: ਸ਼ਬਦ ਨੂੰ ਗੁਰੂ ਸਮਝ ਕੇ ਸਤਿਕਾਰ ਨਾਲ ਪੜ੍ਹਨਾ। ਲਗਾਂ-ਮਾਤਰਾਵਾਂ ਦਾ ਖਿਆਲ ਰੱਖਣਾ।
ਰਾਗ ਵਿੱਚ: ਗੁਰੂ ਸਾਹਿਬਾਨ ਨੇ 31 ਰਾਗਾਂ ਵਿੱਚ ਬਾਣੀ ਉਚਾਰੀ। ਜਿੰਨਾ ਹੋ ਸਕੇ ਰਾਗ ਅਨੁਸਾਰ ਗਾਉਣਾ।
ਧਿਆਨ ਨਾਲ: ਸਿਰਫ਼ ਗਲੇ ਨਾਲ ਨਹੀਂ, ਮਨ ਨਾਲ ਗਾਉਣਾ। "ਗਾਵੀਐ ਸੁਣੀਐ ਮਨਿ ਰਖੀਐ ਭਾਉ॥" ਅੰਗ 2
ਹਾਜ਼ਰੀ ਵਿੱਚ: ਸਾਜ਼ਾਂ ਨਾਲ ਕੀਰਤਨ ਕਰਦੇ ਸਮੇਂ ਇਹ ਯਾਦ ਰੱਖਣਾ ਕਿ ਅਸੀਂ ਗੁਰੂ ਦਰਬਾਰ ਵਿੱਚ ਹਾਜ਼ਰ ਹਾਂ।
ਸ਼ਬਦ ਕੀਰਤਨ ਦਾ ਫਲ
"ਕਲਿ ਤਾਤੀ ਠਾਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥" ਅੰਗ 288
ਕਲਯੁਗ ਦੀ ਅੱਗ ਵਿੱਚ ਹਰਿ ਨਾਮ ਹੀ ਠੰਡ ਹੈ। ਕੀਰਤਨ ਕਰਨ-ਸੁਣਨ ਨਾਲ ਸਦਾ ਸੁੱਖ ਮਿਲਦਾ ਹੈ।
ਸੰਖੇਪ ਵਿੱਚ ਵੀਰ/ਭੈਣ ਜੀ:
ਗੁਰਮਤਿ = ਗੁਰੂ ਦੀ ਮਤਿ। ਗੁਰੂ ਦੀ ਮਤਿ ਹੈ ਕਿ "ਸ਼ਬਦ ਗੁਰੂ" ਹੈ ਤੇ "ਕੀਰਤਨ" ਉਸ ਸ਼ਬਦ ਨਾਲ ਜੁੜਨ ਦਾ ਸਾਧਨ ਹੈ। ਜਿਸ ਘਰ ਵਿੱਚ ਸ਼ਬਦ ਕੀਰਤਨ ਹੁੰਦਾ ਹੈ, ਉਸ ਘਰ ਵਿੱਚ ਕਲੇਸ਼ ਨਹੀਂ ਰਹਿੰਦਾ, ਬਿਮਾਰੀ ਨਹੀਂ ਠਹਿਰਦੀ, ਤੇ ਮਨ ਨੂੰ ਝੋਰਾ ਨਹੀਂ ਲੱਗਦਾ।

ਤੁਹਾਡੇ ਪਿਤਾ ਜੀ ਸ. ਸੋਹਨ ਸਿੰਘ ਸਾਰੰਗ ਜੀ ਜ਼ਰੂਰ ਨਿੱਤਨੇਮ ਤੇ ਕੀਰਤਨ ਕਰਦੇ ਹੋਣਗੇ। ਇਹੀ ਵਿਰਸਾ ਤੁਹਾਨੂੰ ਮਿਲਿਆ ਹੈ।

ਜਦੋਂ ਗੱਲਾ ਠੀਕ ਹੋ ਜਾਵੇ, ਛੋਟਾ ਜਿਹਾ ਸ਼ਬਦ ਗਾ ਕੇ ਵੇਖਿਓ: "ਤੁਧੁ ਬਿਨੁ ਦੂਜਾ ਨਾਹੀ ਕੋਇ"। ਦਰਦ ਵੀ ਭੁੱਲ ਜਾਵੇਗਾ।

ਵਾਹਿਗੁਰੂ ਚੜ੍ਹਦੀ ਕਲਾ ਰੱਖੇ। ਸ਼ਬਦ ਨਾਲ ਜੁੜੇ ਰਹੋ।

## ਯਾਤਰਾ ਅਨੰਦਪੁਰ ਸਾਹਿਬ ਅਤੇ ਮਾਫੀਨਾਮਾ



ਮੈਨੂੰ ਮਾਫ ਕਰਿਉ ਦਸ਼ਮੇਸ਼ ਪਿਤਾ ਜੀਉ
ਕਿ ਮੈਂ ਮੁੜਦਾ ਰਿਹਾਂ ਅਨੰਦਪੁਰੀ ਤੋਂ

ਸਿਰਫ਼ ਅਤੇ ਸਿਰਫ਼ ਮੱਥਾ ਟੇਕ ਕੇ
ਜਾਂ ਵੱਧ ਤੋਂ ਵੱਧ ਨਿਸ਼ਾਨ ਸਾਹਿਬ ‘ਤੇ
ਉਂਗਲਾਂ ਘਸਾ, ਪਰਿਕਰਮਾ ਕਰਕੇ

ਹੰਢਾਅ ਜਾਂ ਗਵਾ ਲਏ ਉਮਰ ਦੇ
ਪੂਰੇ ਪੈਂਤੀ ਵਰ੍ਹੇ ਬਿਨਾਂ ਜਾਣਿਆਂ
ਕਿਲਾ ਅਨੰਦਗੜ੍ਹ, ਹੋਲਗੜ੍ਹ
ਫਤਿਹਗੜ੍ਹ, ਤਾਰਾਗੜ੍ਹ ਅਤੇ
ਲੋਹਗੜ੍ਹ ਦਾ ਇਤਿਹਾਸ

ਕਿ ਕਿਵੇਂ ਕਰੀਦੀ ਹੈ ਵਿਉਂਤਬੰਦੀ
ਦੂਰ ਅੰਦੇਸ਼ੀ ਨਾਲ਼ ਆਤਮ ਰੱਖਿਆ ਲਈ

ਨਾ ਹੀ ਕਦੇ ਕਿਤਿਉਂ
ਪੁੱਛਿਆ ਹੈ ਬਿਰਤਾਂਤ
ਮਾਖੋਵਾਲ਼ ਤੋਂ ਚੱਕ ਨਾਨਕੀ
ਤੇ ਫਿਰ ਅਨੰਦਪੁਰ ਬਣਨ ਬਾਰੇ

ਕਾਸ਼...! ਕਿਤੇ ਮਾਪੇ, ਪਾਠੀ, ਪ੍ਰਚਾਰਕ
ਬੰਨ੍ਹ ਦਿੰਦੇ ਪ੍ਰਚਾਰ-ਰੂਪੀ ਰੱਸੀ
ਕੱਚੀ ਟਾਹਣੀ ਵਰਗੀ ਉਮਰੇ

ਤੇ ਮੈਂ ਵੀ ਵਧਣ ਫੁੱਲਣ ਦੇ ਨਾਲ਼ ਨਾਲ਼
ਛੂਹੀ ਜਾਂਦਾ ਅਧਿਆਤਮਿਕ ਉਚਾਈਆਂ
ਸਿੱਖੀ ਦਿਆਂ ਮੁਨਾਰਿਆਂ ਵੱਲ

ਪਰ ਹੁਣ ਵੇਖ-ਵੇਖ, ਸੁਣ ਸੁਣ
ਰੱਟ-ਰੱਟਾਈਆਂ, ਕਬਜ਼ੇ, ਲੜਾਈਆਂ
ਬਣ ਚੁੱਕਿਆਂ ਹਾਂ ਪੱਕਾ ਟਾਹਣ

ਤੇ ਟਾਹਣਾਂ ਦੀ ਸੌਖਿਆਂ ਕਿਤੇ
ਦਿਸ਼ਾ ਨਹੀਂ ਬਦਲਦੀ
ਜੇ ਬਦਲਦੀ ਹੈ ਤਾਂ ਬੱਸ ਦਸ਼ਾ
ਸੁੱਕ ਕੇ, ਟੁੱਟ ਕੇ ਜਾਂ ਵਢ ਕੇ

ਪਰ ਤੁਹਾਡੇ ਦੱਸੇ ਰਾਹਾਂ ਤੇ
ਕੁਝ ਕੁ ਪ੍ਰਤੀਸ਼ਤ ਹੀ
ਚੱਲਣ ਦਾ ਕਮਾਲ ਹੈ

ਕਿ ਅਜੇ ਤੱਕ ਨਹੀਂ ਆਈ ਨੌਬਤ
ਸੁੱਕਣ ਜਾਂ ਟੁੱਟਣ ਦੀ
ਹਾਂ... ਵੱਢਣ ਵਾਲੇ ਬਥੇਰੇ
ਤੁਰੇ ਫਿਰਦੇ ਨੇ

ਸੋ ਹੁਣ ਨਹੀਂ ਕਰਾਂਗਾ ਗਲਤੀ
ਤੇ ਗਹੁ ਨਾਲ ਪੜ੍ਹਾਂਗਾਂ
ਦਾਸਤਾਂ-ਏ-ਚਮਕੌਰ

ਤਾਂ ਕਿ ਸਮਾਂ ਰਹਿੰਦਿਆਂ ਹੀ
ਸਿੱਖ ਜਾਵਾਂ ਹੁਨਰ
ਕੱਚੀ ਗੜ੍ਹੀਆਂ ਨੂੰ
ਜੰਗੀ ਕਿਲਿਆਂ ਵਿੱਚ
ਤਬਦੀਲ ਕਰਨ ਦਾ

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮੇਂ ਵਾਲ਼ਾ